# "ਆਪਣਾ ਦੁੱਧ ਚੁੰਘਾਉਣ ਵਾਲੀਆਂ ਮਾਂਵਾਂ ਦੇ ਅਧਿਕਾਰਾਂ ਦਾ ਕਨੂੰਨੀ ਖਰੜਾ"



ਆਪਣੇ ਨਵਜਾਤ ਬੱਚੇ ਨੂੰ ਦੁੱਧ ਪਿਲਾਉਣ ਦੇ ਤਰੀਕੇ ਨੂੰ ਚੁਣਨਾ ਉਹਨਾਂ ਸਭ ਤੋਂ ਮਹੱਤਵਪੂਰਨ ਫੈਸਲਿਆਂ ਵਿੱਚੋਂ ਇੱਕ ਹੈ ਜੋ ਤੁਸੀਂ ਆਪਣੇ ਬੱਚੇ ਦੇ ਆਉਣ ਤੋਂ ਉਸਦੀ ਤਿਆਰੀ ਲਈ ਕਰਦੇ ਹੋ। ਡਾਕਟਰ ਮੰਨਦੇ ਹਨ ਕਿ ਆਪਣਾ ਦੁੱਧ ਚੁੰਘਾਉਣਾ ਜ਼ਿਆਦਾਤਰ ਔਰਤਾਂ ਲਈ ਸਭ ਤੋਂ ਸੁਰੱਖਿਅਤ ਅਤੇ ਸਭ ਤੋਂ ਸਿਹਤਮੰਦ ਚੋਣ ਹੈ। ਦੁੱਧ ਚੁੰਘਾਉਣ ਦੇ ਫਾਇਦਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਅਤੇ ਆਪਣਾ ਸਿਹਤ ਸੰਭਾਲ ਪ੍ਰਦਾਤਾ ਹੋਣਾ ਤੁਹਾਡਾ ਹੱਕ ਹੈ ਅਤੇ ਜੱਚਾ ਸਿਹਤ ਸੰਭਾਲ ਸਹੂਲਤ ਦੁੱਧ ਚੁੰਘਾਉਣਾ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਇਸ ਵਿੱਚ ਸਹਿਯੋਗ ਕਰਦੀ  ਹੈ। ਤੁਹਾਡੇ ਕੋਲ ਦੁੱਧ ਚੁੰਘਾਉਣ ਬਾਰੇ ਆਪਣਾ ਫੈਸਲਾ ਲੈਣ ਦਾ ਹੱਕ ਹੈ। ਭਾਵੇਂ ਤੁਸੀਂ ਦੁੱਧ ਚੁੰਘਾਉਣ ਬਾਰੇ ਫੈਸਲਾ ਕਰਦੇ ਹੋ ਜਾਂ ਨਹੀਂ, ਤੁਹਾਡੇ ਕੋਲ ਤੁਹਾਡੀ ਨਸਲ, ਜਾਤ, ਰਾਸ਼ਟਰੀ ਮੂਲ, ਜਿਨਸੀ ਝੁਕਾਅ, ਲਿੰਗ, ਜਾਂ ਪ੍ਰਗਟਾਵੇ ਜਾਂ ਤੁਹਾਡੀ ਸਿਹਤ ਸੰਭਾਲ ਨੂੰ ਕੀਤੇ ਗਏ ਭੁਗਤਾਨ ਦੇ ਸਰੋਤ ਦੀ ਪਰਵਾਹ ਕੀਤੇ ਬਿਨਾਂ ਹੇਠ ਲਿਖੇ ਬੁਨਿਆਦੀ ਹੱਕ ਪ੍ਰਾਪਤ ਹੁੰਦੇ ਹਨ। ਇਹ ਯਕੀਨੀ ਬਣਾਉਣਾ ਜੱਚਾ ਸਿਹਤ ਸੰਭਾਲ ਸਹੂਲਤਾਂ ਦੀ ਜ਼ਿੰਮੇਵਾਰੀ ਹੈ ਕਿ ਤੁਸੀਂ ਇਹਨਾਂ ਹੱਕਾਂ ਨੂੰ ਸਮਝਦੇ ਹੋ। ਉਹਨਾਂ ਨੂੰ ਲਾਜ਼ਮੀ ਤੌਰ 'ਤੇ ਤੁਹਾਨੂੰ ਸਪਸ਼ਟ ਜਾਣਕਾਰੀ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਅਤੇ ਜੇ ਲੋੜ ਪੈਂਦੀ ਹੈ ਤਾਂ ਇੱਕ ਦੋਭਾਸ਼ੀਆ ਵੀ ਪ੍ਰਦਾਨ ਕਰਨਾ ਚਾਹੀਦਾ ਹੈ। ਇਹ ਹੱਕ ਸਿਰਫ ਉਹਨਾਂ ਮਾਮਲਿਆਂ ਤੱਕ ਹੀ ਸੀਮਤ ਹੋ ਸਕਦੇ ਹਨ ਜਿਨ੍ਹਾਂ ਵਿੱਚ ਤੁਹਾਡੀ ਜਾਂ ਤੁਹਾਡੇ ਬੱਚੇ ਦੀਆਂ ਸਿਹਤ ਦੀਆਂ ਲੋੜਾਂ ਲਈ ਇਹਨਾਂ ਦੀ ਲੋੜ ਹੁੰਦੀ ਹੈ। ਜੇਕਰ ਹੇਠਾਂ ਦਿੱਤੀਆਂ ਚੀਜ਼ਾਂ ਤੁਹਾਡੇ ਜਾਂ ਤੁਹਾਡੇ ਬੱਚੇ ਲਈ ਡਾਕਟਰੀ ਤੌਰ 'ਤੇ ਠੀਕ ਨਹੀਂ ਹਨ, ਤਾਂ ਤੁਹਾਨੂੰ ਪੂਰੇ ਤੱਥਾਂ ਦੀ ਜਾਣਕਾਰੀ ਅਤੇ ਸਲਾਹ ਦਿੱਤੀ ਜਾਣੀ ਚਾਹੀਦੀ ਹੈ।

## (1) ਤੁਹਾਡੇ ਜਣੇਪੇ ਤੋਂ ਪਹਿਲਾਂ:

ਜੇਕਰ ਤੁਸੀਂ ਪਬਲਿਕ ਹੈਲਥ ਲਾਅ ਦੇ ਆਰਟੀਕਲ 28 ਦੇ ਅਨੁਸਾਰ ਜਨਮ-ਪੂਰਵ ਸੇਵਾਵਾਂ ਪ੍ਰਦਾਨ ਕਰਨ ਵਾਲੀ ਜੱਚਾ ਸਿਹਤ ਸੰਭਾਲ ਸਹੂਲਤ (ਮੈਟਰਨਲ ਹੈਲਥ ਕੇਅਰ ਫੈਸਿਲਿਟੀ) ਅਤੇ ਸਾਰੇ ਹਸਪਤਾਲਾਂ ਦੇ ਕਲੀਨਿਕਾਂ ਅਤੇ ਨਿਦਾਨ ਸੰਬੰਧੀ ਅਤੇ ਇਲਾਜ ਕੇਂਦਰਾਂ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਬੱਚੇ ਦੇ ਜਨਮ ਤੋਂ ਪਹਿਲਾਂ ਦੀਆਂ ਵਿੱਦਿਅਕ ਕਲਾਸਾਂ ਵਿੱਚ ਜਾਂਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ "ਦੁੱਧ ਚੁੰਘਾਉਣ ਵਾਲੀਆਂ ਮਾਂਵਾਂ ਦੇ ਅਧਿਕਾਰਾਂ ਦਾ ਕਨੂੰਨੀ ਖਰੜਾ (Breastfeeding Mothers' Bill of Rights)" ਪ੍ਰਾਪਤ ਹੋਣਾ ਚਾਹੀਦਾ ਹੈ। ਜੱਚਾ ਸਿਹਤ ਸੰਭਾਲ ਸਹੂਲਤ ਵਿੱਚ ਪ੍ਰੀਬੁਕਿੰਗ ਕਰਨ ਸਮੇਂ ਜਾਂ ਦਾਖ਼ਲ ਹੋਣ ਸਮੇਂ ਹਰ ਇੱਕ ਜੱਚਾ ਸਿਹਤ ਸੰਭਾਲ ਸਹੂਲਤ ਹਰ ਇੱਕ ਮਰੀਜ਼ ਜਾਂ ਨਿਯਤ ਕੀਤੇ ਗਏ ਨਿੱਜੀ ਨੁਮਾਇੰਦੇ ਨੂੰ ਇਸ ਅਧਿਆਇ ਦੇ ਸੈਕਸ਼ਨ ਦੋ ਹਜ਼ਾਰ ਅੱਠ ਸੌ ਇਕੱਤੀ ਦੇ ਅਨੁਸਾਰ ਦੁੱਧ ਚੁੰਘਾਉਣ ਵਾਲੀਆਂ ਮਾਂਵਾਂ ਦੇ ਅਧਿਕਾਰਾਂ ਦਾ ਕਨੂੰਨੀ ਖਰੜੇ ਦੀ ਇੱਕ ਕਾਪੀ ਸਮੇਤ ਜਣੇਪੇ ਬਾਰੇ ਜਾਣਕਾਰੀ ਦਾ ਕਿਤਾਬਚਾ ਮੁਹੱਈਆ ਕਰੇਗੀ। ਹਰ ਇੱਕ ਜੱਚਾ ਸਿਹਤ ਸੰਭਾਲ ਪ੍ਰਦਾਤਾ ਹਰ ਮਰੀਜ਼ ਨੂੰ ਮੈਡੀਕਲ ਤੌਰ 'ਤੇ ਸਹੀ ਸਮੇਂ 'ਤੇ ਜਾਂ ਪਹਿਲਾਂ ਦੁੱਧ ਚੁੰਘਾਉਣ ਵਾਲੀਆਂ ਮਾਂਵਾਂ ਦੇ ਅਧਿਕਾਰਾਂ ਦਾ ਕਨੂੰਨੀ ਖਰੜੇ ਦੀ ਕਾਪੀ ਮੁਹੱਈਆ ਕਰੇਗਾ।


ਤੁਹਾਨੂੰ ਆਪਣੇ ਅਤੇ ਆਪਣੇ ਬੱਚੇ ਲਈ ਦੁੱਧ ਚੁੰਘਾਉਣ ਦੇ ਲਾਭਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਨ ਦਾ ਹੱਕ ਹੈ।

ਤੁਹਾਨੂੰ ਜਾਣਕਾਰੀ ਪ੍ਰਾਪਤ ਕਰਨ ਦਾ ਹੱਕ ਹੈ ਜੋ ਵਪਾਰਕ ਰੁਚੀਆਂ ਤੋਂ ਮੁਕਤ ਹੋਵੇ ਅਤੇ ਜਿਸ ਵਿੱਚ ਇਹ ਗੱਲਾਂ ਸ਼ਾਮਲ ਹਨ:

- ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਪੌਸ਼ਿਟਕ, ਡਾਕਟਰੀ ਅਤੇ ਜਜ਼ਬਾਤੀ ਤੌਰ 'ਤੇ ਦੁੱਧ ਚੁੰਘਾਉਣ ਦੇ ਕੀ ਫਾਇਦੇ ਹਨ;
- ਖੁਦ ਨੂੰ ਦੁੱਧ ਚੁੰਘਾਉਣ ਲਈ ਤਿਆਰ ਕਿਵੇਂ ਕਰਨਾ ਹੈ;
- ਤੁਹਾਨੂੰ ਪੇਸ਼ ਆ ਸਕਣ ਵਾਲੀਆਂ ਕੁਝ ਮੁਸ਼ਕਲਾਂ ਨੂੰ ਕਿਵੇਂ ਸਮਝਣਾ ਹੈ ਅਤੇ ਉਹਨਾਂ ਨੂੰ ਕਿਵੇਂ ਹੱਲ ਕਰਨਾ ਹੈ।

## (2) ਜੱਚਾ ਸਿਹਤ ਸੰਭਾਲ ਸਹੂਲਤ ਵਿੱਚ:

- ਭਾਵੇਂ ਤੁਹਾਡੇ ਬੱਚੇ ਦਾ ਜਨਮ ਯੋਨੀ ਰਾਹੀਂ ਹੋਇਆ ਹੈ ਜਾਂ ਫੇਰ ਔਪਰੇਸ਼ਨ ਨਾਲ, ਤੁਹਾਡੇ ਕੋਲ ਜਨਮ ਤੋਂ ਤੁਰੰਤ ਬਾਅਦ ਆਪਣੇ ਬੱਚੇ ਨੂੰ ਆਪਣੇ ਕੋਲ ਰੱਖਣ ਦਾ ਅਧਿਕਾਰ ਹੈ। ਤੁਹਾਡੇ ਕੋਲ ਜਨਮ ਤੋਂ ਇੱਕ ਘੰਟੇ ਬਾਅਦ ਸਿੱਧਾ ਦੁੱਧ ਚੁੰਘਾਉਣਾ ਸ਼ੁਰੂ ਕਰਨ ਦਾ ਅਧਿਕਾਰ ਹੈ।
- ਤੁਹਾਡੇ ਕੋਲ ਦੁੱਧ ਚੁੰਘਾਉਣ ਵਿੱਚ ਮਦਦ ਕਰਨ ਲਈ, ਜਾਣਕਾਰੀ ਦੇਣ ਲਈ ਅਤੇ ਲੋੜ ਅਨੁਸਾਰ ਤੁਹਾਡੀ ਮਦਦ ਕਰਨ ਲਈ ਕਿਸੇ ਸਿਖਲਾਈ ਪ੍ਰਾਪਤ ਵਿਅਕਤੀ ਦੀ ਮਦਦ ਲੈਣ ਦਾ ਹੱਕ ਹੈ।





- ਤੁਹਾਡੇ ਕੋਲ ਤੁਹਾਡੇ ਬੱਚੇ ਨੂੰ ਬੋਤਲ ਰਾਹੀਂ ਦੁੱਧ ਪਿਲਾਉਣ ਜਾਂ ਚੁੰਘਣੀ ਦੇਣ ਤੋਂ ਮਨ੍ਹਾਂ ਕਰਨ ਦਾ ਹੱਕ ਹੈ।
- ਤੁਹਾਨੂੰ ਅਜਿਹੀਆਂ ਕਿਸੇ ਵੀ ਦਵਾਈਆਂ ਬਾਰੇ ਜਾਣਨ ਅਤੇ ਮਨਾਹੀ ਕਰਨ ਦਾ ਹੱਕ ਹੈ ਜੋ ਤੁਹਾਡੇ ਦੁੱਧ ਨੂੰ ਸੁਕਾ ਸਕਦੀਆਂ ਹਨ।
- ਤੁਹਾਨੂੰ ਆਪਣੇ ਬੱਚੇ ਨੂੰ 24 ਘੰਟੇ ਆਪਣੇ ਕਮਰੇ ਵਿੱਚ ਰੱਖਣ ਦਾ ਹੱਕ ਹੈ।
- ਤੁਹਾਨੂੰ ਆਪਣੇ ਬੱਚੇ ਨੂੰ ਦਿਨ ਜਾਂ ਰਾਤ ਵਿੱਚ ਕਿਸੇ ਵੀ ਸਮੇਂ ਦੁੱਧ ਚੁੰਘਾਉਣ ਦਾ ਹੱਕ ਹੈ।
- ਤੁਹਾਨੂੰ ਇਹ ਜਾਣਨ ਦਾ ਹੱਕ ਹੈ ਕਿ ਕੀ ਤੁਹਾਡਾ ਡਾਕਟਰ ਜਾਂ ਤੁਹਾਡੇ ਬੱਚੇ ਦਾ ਡਾਕਟਰ ਦੁੱਧ ਚੁੰਘਾਉਣ ਦਾ ਫੈਸਲਾ ਕਰਨ ਤੋਂ ਪਹਿਲਾਂ ਹੀ ਇਸ ਦੇ ਖਿਲਾਫ਼ ਸਲਾਹ ਦੇ ਰਿਹਾ/ਰਹੀ ਹੈ।
- ਤੁਹਾਨੂੰ ਆਪਣੇ ਬੱਚੇ ਦੇ ਪੰਘੂੜੇ ਉੱਤੇ ਸਾਫ਼ ਤੌਰ 'ਤੇ ਇਹ ਦੱਸਣ ਵਾਲਾ ਸੰਕੇਤਕ ਚਿੰਨ੍ਹ ਲਗਵਾਉਣ ਦਾ ਹੱਕ ਹੈ ਕਿ ਤੁਹਾਡਾ ਬੱਚਾ ਦੁੱਧ ਚੁੰਘਦਾ ਹੈ ਅਤੇ ਬੋਤਲ ਰਾਹੀਂ ਦੁੱਧ ਨਹੀਂ ਦਿੱਤਾ ਜਾਣਾ ਚਾਹੀਦਾ।
- ਤੁਹਾਨੂੰ ਇਹ ਜਾਣਕਾਰੀ ਪ੍ਰਾਪਤ ਕਰਨ ਦਾ ਹੱਕ ਹੈ ਕਿ ਤੁਸੀਂ ਦੁੱਧ ਚੁੰਘਾਉਣਾ ਵਿੱਚ ਕਿੰਨੇ ਸਫਲ ਹੋ ਅਤੇ ਇਸ ਵਿੱਚ ਸੁਧਾਰ ਕਰਨ ਲਈ ਮਦਦ ਪ੍ਰਾਪਤ ਕਰਨ ਦਾ ਹੱਕ ਹੈ।
- ਤੁਹਾਨੂੰ ਨਿਓਨੇਟਲ ਇਨਟੈਨਸਿਵ ਕੇਅਰ ਯੂਨਿਟ ਵਿੱਚ ਆਪਣੇ ਬੱਚੇ ਨੂੰ ਦੁੱਧ ਚੁੰਘਾਉਣ ਦਾ ਹੱਕ ਹੈ। ਜੇ ਉੱਥੇ ਜਾਣਾ ਸੰਭਵ ਨਹੀਂ ਹੈ, ਤਾਂ ਤੁਹਾਡੇ ਬੱਚੇ ਨੂੰ ਤੁਹਾਡਾ ਪੰਪ ਰਾਹੀਂ ਕੱਢਿਆ ਗਿਆ ਜਾਂ ਐਕਸਪ੍ਰੈਸ ਦੁੱਧ ਦੇਣ ਲਈ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ।
- ਜੇਕਰ ਤੁਹਾਨੂੰ, ਜਾਂ ਤੁਹਾਡੇ ਬੱਚੇ ਨੂੰ ਜਣੇਪੇ ਤੋਂ ਬਾਅਦ ਰੁਕਣ ਤੋਂ ਬਾਅਦ ਦੁਬਾਰਾ ਜੱਚਾ ਸੰਭਾਲ ਸਹੂਲਤ ਵਿੱਚ ਦਾਖ਼ਲ ਕਰਵਾਇਆ ਜਾਂਦਾ ਹੈ, ਤਾਂ ਹਸਪਤਾਲ ਦੇ ਪੱਧਰ ਤੇ ਇਲੈਕਟ੍ਰਿਕ ਪੰਪ ਅਤੇ ਕਮਰਾ ਪ੍ਰਦਾਨ ਕਰਕੇ ਦੁੱਧ ਚੁੰਘਾਉਣ ਲਈ ਵਿੱਚ ਸਹਿਯੋਗ ਕਰਨ ਲਈ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ।
- ਜੇਕਰ ਤੁਹਾਡੇ ਬੱਚੇ ਦੀਆਂ ਕੋਈ ਖ਼ਾਸ ਲੋੜਾਂ ਹਨ ਤਾਂ ਤੁਹਾਨੂੰ ਕਿਸੇ ਵੀ ਅਜਿਹੇ ਵਿਅਕਤੀ ਤੋਂ ਮਦਦ ਪ੍ਰਾਪਤ ਕਰਨ ਦਾ ਹੱਕ ਹੈ ਜਿਸਨੂੰ ਦੁੱਧ ਚੁੰਘਾਉਣ ਅਤੇ ਦੁੱਧ ਕੱਢਣ ਵਿੱਚ ਖ਼ਾਸ ਤੌਰ 'ਤੇ ਸਿਖਲਾਈ ਪ੍ਰਾਪਤ ਹੋਵੇ।
- ਤੁਹਾਨੂੰ ਹੱਕ ਹੈ ਕਿ ਤੁਹਾਡੀ ਬੇਨਤੀ 'ਤੇ ਸਟਾਫ਼ ਦਾ ਕੋਈ ਸਦੱਸ ਪਰਿਵਾਰ ਦੇ ਸਦੱਸ ਜਾਂ ਦੋਸਤ ਨੂੰ ਦੁੱਧ ਚੁੰਘਾਉਣ ਬਾਰੇ ਜਾਣਕਾਰੀ ਪ੍ਰਾਪਤ ਕਰਵਾਏ।

## (3) ਜਦੋਂ ਤੁਸੀਂ ਜੱਚਾ ਸਿਹਤ ਸੰਭਾਲ ਸਹੂਲਤ ਨੂੰ ਛੱਡ ਦਿੰਦੇ ਹੋ:

- ਤੁਹਾਨੂੰ ਕਿਸੇ ਵਪਾਰਕ ਸਮੱਗਰੀ ਤੋਂ ਮੁਕਤ ਛਪੀ ਹੋਈ ਦੁੱਧ ਚੁੰਘਾਉਣ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਦਾ ਹੱਕ ਹੈ।
- ਜਦੋਂ ਤੱਕ ਕਿ ਖ਼ਾਸ ਤੌਰ 'ਤੇ ਤੁਹਾਡੇ ਵੱਲੋਂ ਬੇਨਤੀ ਨਾ ਕੀਤੀ ਗਈ ਹੋਵੇ, ਅਤੇ ਸਹੂਲਤ ਵਿੱਚ ਉਪਲਬਧ ਹੈ, ਤਾਂ ਤੁਹਾਡੇ ਕੋਲ ਸਹੂਲਤ ਤੋਂ ਨਵਜਾਤ ਬੱਚਿਆਂ ਦੇ ਫਾਰਮੂਲਾ ਦੁੱਧ, ਜਾਂ ਫਾਰਮੂਲਾ ਕੂਪਨ ਵਾਲੇ ਡਿਸਚਾਰਜ ਪੈਕਾਂ ਤੋਂ ਬਿਨਾਂ ਡਿਸਚਾਰਜ ਲੈਣ ਦਾ ਹੱਕ ਹੈ, ਜਦੋਂ ਤੱਕ ਕਿ ਤੁਹਾਡੇ ਬੱਚੇ ਦੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਇਹਨਾਂ ਦਾ ਆਰਡਰ ਨਾ ਕੀਤਾ ਗਿਆ ਹੋਵੇ।
- ਤੁਹਾਨੂੰ ਦੁੱਧ ਪਿਲਾਉਣ ਵਾਲੇ ਸਲਾਹਕਾਰਾਂ ਦੀ ਉਪਲਬਧਤਾ, ਸਹਿਯੋਗ ਸਮੂਹਾਂ ਅਤੇ ਬ੍ਰੇਸਟ ਪੰਪਾਂ ਸਮੇਤ ਆਪਣੇ ਸਮਾਜ ਵਿੱਚ ਦੁੱਧ ਚੁੰਘਾਉਣ ਵਾਲੇ ਸਰੋਤਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਹੱਕ ਹੈ।
- ਤੁਹਾਨੂੰ ਤੁਹਾਡੇ ਬੱਚੇ ਲਈ ਇੱਕ ਮੈਡੀਕਲ ਪ੍ਰਦਾਤਾ ਨੂੰ ਚੁਣਨ ਵਿੱਚ ਮਦਦ ਕਰਨ ਲਈ ਸਹੂਲਤ ਤੋਂ ਜਾਣਕਾਰੀ ਪ੍ਰਾਪਤ ਕਰਨ ਅਤੇ ਬਾਅਦ ਦੀਆਂ ਮੁਲਾਕਾਤਾਂ ਦੀ ਮਹੱਤਤਾ ਸਮਝਣ ਦਾ ਹੱਕ ਹੈ।
- ਤੁਹਾਨੂੰ ਸੁਰੱਖਿਅਤ ਤਰੀਕੇ ਨਾਲ ਆਪਣਾ ਦੁੱਧ ਇਕੱਤਰ ਕਰਨ ਅਤੇ ਸਟੋਰ ਕਰਨ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਹੱਕ ਹੈ।
- ਤੁਹਾਨੂੰ ਕਿਸੇ ਵੀ ਥਾਂ, ਜਨਤਕ ਜਾਂ ਨਿੱਜੀ, ਜਿੱਥੇ ਤੁਹਾਨੂੰ ਹੋਣ ਲਈ ਅਧਿਕਾਰ ਹੈ, ਵਿਖੇ ਆਪਣੇ ਬੱਚੇ ਨੂੰ ਦੁੱਧ ਚੁੰਘਾਉਣ ਦਾ ਹੱਕ ਹੈ। ਸ਼ਿਕਾਇਤਾਂ New York State Division of Human Rights ਵਿੱਚ ਭੇਜੀਆਂ ਜਾ ਸਕਦੀਆਂ ਹਨ।

ਉਪਰੋਕਤ ਸਾਰੇ ਤੁਹਾਡੇ ਹੱਕ ਹਨ। ਜੇਕਰ ਜੱਚਾ ਸਿਹਤ ਸੰਭਾਲ ਸਹੂਲਤ ਇਹ ਹੱਕ ਪ੍ਰਦਾਨ ਨਹੀਂ ਕਰਦੀ ਤਾਂ ਤੁਸੀਂ New York State Department of Health ਨਾਲ ਸੰਪਰਕ ਕਰਕੇ ਜਾਂ ਹਸਪਤਾਲ ਸ਼ਿਕਾਇਤ ਹੋਟਲਾਈਨ ਨੰਬਰ **1-800-804-5447** 'ਤੇ ਜਾਂ ਈਮੇਲ ਰਾਹੀਂ **hospinfo@health.state.ny.us** ਨਾਲ ਸੰਪਰਕ ਕਰਕੇ ਮਦਦ ਮੰਗ ਸਕਦੇ ਹੋ।